## ਦਫਤਰ ਜਿਲ੍ਹਾ ਸਿੱਖਿਆ ਅਫਸਰ (ਐ.ਸਿ) ਅੰਮ੍ਰਿਤਸਰ

ਸੇਵਾ ਵਿਖੇ

ਮਾਨਯੋਗ ਰਾਜ ਬਾਲ ਅਧਿਕਾਰ ਰੱਖਿਆ ਕਮਿਸ਼ਨ,
ਪੰਜਾਬ।

ਪੱਤਰ ਨੰ. 2-ਬੀਬੀ 917 47 ਮਿਤੀ- 13-5-2022

ਵਿਸ਼ਾ- ਪ੍ਰਾਈਵੇਟ ਸਕੂਲਾਂ ਵਿੱਚ 25ਪ੍ਰਤੀਸ਼ਤ ਸੀਟਾਂ ਦਾ ਰਾਖਵਾਂਕਰਨ ਸਬੰਧੀ।

ਉਪਰੋਕਤ ਵਿਸ਼ੇ ਸਬੰਧੀ ਬੇਨਤੀ ਕੀਤੀ ਜਾਂਦੀ ਹੈ ਕਿ ਆਪ ਜੀ ਵੱਲੋਂ ਇਸ ਦਫਤਰ ਨੂੰ ਪ੍ਰਾਈਵੇਟ ਸਕੂਲਾਂ ਵਿੱਚ 25ਪ੍ਰਤੀਸ਼ਤ ਸੀਟਾਂ ਦਾ ਰਾਖਵਾਂਕਰਨ ਕਰਨ ਸਬੰਧੀ ਕਈ ਸ਼ਿਕਾਇਤਾਂ ਭੇਜੀਆਂ ਜਾਂਦੀਆਂ ਹਨ, ਦੇ ਸਬੰਧ ਵਿੱਚ ਆਪ ਜੀ ਦੇ ਧਿਆਨ ਵਿੱਚ ਲਿਆਇਆ ਜਾਂਦਾ ਹੈ ਕਿ ਪੰਜਾਬ ਆਰ.ਟੀ.ਈ ਨਿਯਮ 2011 ਦੇ ਸੈਕਸ਼ਨ 7(4) ਅਨੁਸਾਰ 25 Percent ਰਾਖਵਾਂਕਰਨ ਤਾਂ ਹੀ ਲਾਗੂ ਹੋਣਾ ਹੈ ਜੇਕਰ ਕਿਸੇ ਵਿਦਿਆਰਥੀ ਨੂੰ ਸਰਕਾਰੀ ਜਾਂ ਸਹਾਇਤਾ ਪ੍ਰਾਪਤ ਸਕੂਲ ਵਿੱਚ ਸੀਟਾਂ ਦੀ ਅਣਹੋਂਦ ਜਾਂ ਕਿਸੇ ਕਾਰਨ ਕਰਕੇ ਦਾਖਲਾ ਨਹੀ ਮਿਲਦਾ।

ਪੰਜਾਬ ਰਾਈਟ ਟੂ ਐਜੂਕੇਸ਼ਨ ਰੂਲਜ 2011 ਦੀ ਧਾਰਾ 7(4) ਹੇਠ ਲਿਖੇ ਅਨੁਸਾਰ ਹੈ-

"ਪੰਜਾਬ ਰਾਈਟ ਟੂ ਐਜੂਕੇਸ਼ਨ ਰੂਲਜ 2011 ਦੀ ਧਾਰਾ 7(4) ਅਨੁਸਾਰ ਕਮਜ਼ੋਰ ਵਰਗ ਅਤੇ ਸਵਿਧਾ ਰਹਿਤ ਗਰੁੱਪ ਨਾਲ ਸੰਬੰਧਤ ਸਾਰੇ ਬੱਚਿਆ ਦੇ ਦਾਖਲੇ ਸਕੂਲ ਵਲੋਂ ਆਪਣੇ ਪੱਧਰ ਤੇ ਕੀਤੇ ਜਾਣਗੇ। ਜੇਕਰ ਅਜਿਹੇ ਬੱਚੇ ਰਾਈਟ ਟੂ ਐਜੂਕੇਸ਼ਨ ਐਕਟ 2009 ਦੀ ਧਾਰਾ 2 ਦੀ ਕਲਾਜ (n) ਦੀ ਉਪ ਕਲਾਜ (I) ਅਤੇ (II) ਵਿੱਚ ਹਵਾਲਾ ਦਿੱਤੇ ਸਕੂਲਾਂ (ਅਰਥਾਤ ਜਾਂ ਸਰਕਾਰੀ ਅਥਾਰਟੀ ਦੁਆਰਾ ਸਥਾਪਤ ਜਾਂ ਉਸਦੀ ਮਾਲਕੀ ਜਾਂ ਕੰਟਰੋਲ ਅਧੀਨ ਸਕੂਲ ਸਕੂਲ ਅਤੇ ਸਹਾਇਤਾ ਪ੍ਰਾਪਤ ਸਕੂਲ) ਸੀਟਾ ਉਪਲੱਬਧ ਨਾ ਹੋਣ ਕਾਰਨ ਜਾਂ ਕਿਸੇ ਹੋਰ ਕਾਰਨ ਦਾਖਲਾ ਲੈਣ ਤੋਂ ਅਸਮੱਰਥ ਹਨ ਤਾਂ ਉਹਨਾਂ ਦੇ ਮਾਪੇ ਜਾਂ ਸਰਪ੍ਰਸਤ ਧਾਰਾ 2 ਦੀ ਕਲਾਜ (n) ਦੀ ਉਪ ਕਲਾਜ (III) ਅਤੇ (IV) ਵਿੱਚ ਹਵਲਾ ਦਿੱਤੇ (ਕ੍ਰਮਵਾਰ ਉਲਿਖਤ ਵਰਗ ਨਾਲ ਅਤੇ ਗੈਰ ਸਹਾਇਤਾ ਪ੍ਰਾਪਤ) ਸਕੂਲਾਂ ਵਿੱਚ ਉਹਨਾਂ ਲਈ ਰਾਖਵੀਆਂ ਸੀਟਾਂ ਵਿਰੁੱਧ ਦਾਖਲੇ ਲਈ ਬਿਨੈ ਪੱਤਰ ਦੇ ਸਕਦੇ ਹਨ। ਇਨਾਂ ਸੀਟਾ ਦਾ ਦਾਖਲਾ ਪਰਚੀਆਂ ਪਾ ਕੇ ਕੀਤਾ ਜਾਵੇਗਾ।"

ਉਕਤ ਅਨੁਸਾਰ ਐਕਟ ਦੇ 25 ਪ੍ਰਤੀਸ਼ਤ ਰਾਖਵਾਂਕਰਨ ਦਾ ਕਲੇਮ ਤਾਂ ਹੀ ਕੀਤਾ ਜਾ ਸਕਦਾ ਹੈ ਜੇਕਰ ਸਬੰਧਤ

ਬੱਚਾ ਸਰਕਾਰੀ ਜਾਂ ਸਹਾਇਤ ਪ੍ਰਾਪਤ ਸਕੂਲ ਵਿੱਚ ਸੀਟਾਂ ਨਾ ਉਪਲਬੱਧ ਨਾ ਹੋਣ ਕਾਰਨ ਜਾਂ ਕਿਸੇ ਹੋਰ ਕਾਰਨ ਕਰਕੇ ਦਾਖਲਾ ਪ੍ਰਾਪਤ ਨਹੀ ਕਰ ਪਾਉਂਦਾ, ਪ੍ਰੰਤੂ ਆਪ ਜੀ ਪਾਸ ਕਈ ਸਿਕਾਇਤ ਕਰਤਾ ਵੱਲੋ ਸਹੀ ਤੱਥ ਪੇਸ਼ ਨਹੀਂ ਕੀਤੇ ਜਾਂਦੇ ਅਤੇ ਇਹ ਛੁਪਾਇਆ ਜਾਂਦਾ ਹੈ ਕਿ ਕਿਸੇ ਸਕੂਲ ਵੱਲੋ ਕੀ ਕਿਸੇ ਅਜਿਹੇ ਬੱਚੇ ਨੂੰ 25 ਪ੍ਰਤੀਸ਼ਤ ਰਾਖਵਾਂਕਰਨ ਅਧੀਨ ਦਾਖਲਾ ਦੇਣ ਤੋ ਇਨਕਾਰੀ ਕੀਤੀ ਹੋਵੇ, ਜਿਸ ਨੂੰ ਸਰਕਾਰੀ ਜਾਂ ਸਹਾਇਤਾ ਪ੍ਰਾਪਤ ਸਕੂਲ ਵਿੱਚ ਸੀਟਾਂ ਨਾ ਉਪਲਬੱਧ ਹੋਣ ਕਾਰਨ ਜਾਂ ਕਿਸੇ ਹੋਰ ਕਾਰਨ ਦਾਖਲਾ ਪ੍ਰਾਪਤ ਨਾ ਹੋਇਆ ਹੋਵੇ। ਇਸ ਤਰ੍ਹਾਂ ਕਈ ਸਿਕਾਇਤ ਕਰਤਾ ਵੱਲੋਂ ਇਹ ਤੱਥ ਛੁਪਾ ਕੇ ਦਫਤਰੀ ਸਮੇਂ ਨੂੰ ਬਰਬਾਦ ਕੀਤਾ ਜਾਂਦਾ ਹੈ ਅਤੇ ਕਈ ਵਾਰ ਕਈ ਅਧਿਕਾਰੀਆਂ ਖਿਲਾਫ ਵੀ ਉਨ੍ਹਾਂ ਨੂੰ ਤੰਗ ਕਰਨ ਦੀ ਨੀਯਤ ਨਾਲ ਆਪ ਪਾਸ ਝੂਠੀ ਸ਼ਿਕਾਇਤ ਕੀਤੀ ਜਾਂਦੀ ਹੈ।

ਉਪਰੋਕਤ ਦੇ ਸਨਮੁੱਖ ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਜੇਕਰ ਭਵਿੱਖ ਵਿੱਚ ਆਪ ਜੀ ਕੋਲ ਪ੍ਰਾਈਵੇਟ ਸਕੂਲਾਂ ਵਿੱਚ 25 ਪ੍ਰਤੀਸ਼ਤ ਰਾਖਵਾਂਕਰਨ ਸਬੰਧੀ ਸਿਕਾਇਤ ਪਹੁੰਚਦੀ ਹੈ ਤਾਂ ਅਜਿਹੇ ਵਿੱਚ ਪੰਜਾਬ ਆਰ.ਟੀ.ਈ ਰੂਲਜ 2011 ਜੋ ਕਿ ਨਾਲ ਨੱਥੀ ਹੈ, ਨੂੰ ਧਿਆਨ ਵਿੱਚ ਰੱਖਣ ਦੀ ਖੇਚਲ ਕੀਤੀ ਜਾਵੇ ਜੀ।

ਨੱਥੀ- ਆਰ.ਟੀ.ਈ ਰੂਲਜ 2011

ਜਿਲ੍ਹਾ ਸਿੱਖਿਆ ਅਫਸਰ (ਐ.ਸਿ)
ਅੰਮ੍ਰਿਤਸਰ

ਉਤਾਰਾ- ਹੇਠ ਲਿਖਿਆ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

1. ਮਾਨਯੋਗ ਡਿਪਟੀ ਕਮਿਸ਼ਨਰ ਸਾਹਿਬ ਅੰਮ੍ਰਿਤਸਰ ਜੀ ।
2. ਮਾਨਯੋਗ ਡਾਇਰੈਕਟਰ ਸਿੱਖਿਅ ਵਿਭਾਗ (ਐ.ਸਿ) ਪੰਜਾਬ ਮੋਹਾਲੀ।
3. ਸਤਨਾਮ ਸਿੰਘ ਗਿੱਲ,ਸਟੇਟ ਕਨਵੀਅਨਰ,ਆਰ.ਪੀ.ਆਈ ਅਠਵਾਲ,VPO Jodhe Tehsil Baba Bakala
4. ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿ) ਅੰਮ੍ਰਿਤਸਰ

ਜਿਲ੍ਹਾ ਸਿੱਖਿਆ ਅਫਸਰ (ਐ.ਸਿ)
ਅੰਮ੍ਰਿਤਸਰ